ਦੇਗ ਤੇਗ ਫਤਹਿ॥ >


**ਗਿਆਨੀ ਜੋਗਿੰਦਰ ਸਿੰਘ**
**ਸਾਬਕਾ ਜਥੇਦਾਰ,**
**ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ**

**Gyani Joginder Singh**
**Ex – Jathedar,**
**Sri Akal Takhat Sahib, Sri Amritsar**


ਨੰ -......................                                                    ਮਿਤੀ ੧੪-੦੪-੧੧

...................

# ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਮ

# ਖੁੱਲੀ ਚਿੱਠੀ

ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ,

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ।

**21 ਮਾਰਚ** 2011 ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਆਪ ਜੀ ਨੇ ਇੰਕਸ਼ਾਫ ਕੀਤਾ ਸੀ ਕਿ ਨਾਨਕਸ਼ਾਹੀ ਕੈਲੰਡਰ ਵਿਵਾਦ ਲਈ ਇਕੱਲੇ ਤਖਤਾਂ ਦੇ ਜਥੇਦਾਰ ਸਾਹਿਬਾਨ ਹੀ ਜਿੰਮੇਵਾਰ ਨਹੀਂ ਹਨ , ਸਗੋਂ ਪ੍ਰਧਾਨ ਸ਼੍ਰੋਮਣੀ ਕਮੇਟੀ ਵੀ ਜਿੰਮੇਵਾਰ ਹਨ ਜਿਨ੍ਹਾਂ ਨਾਨਕਸ਼ਾਹੀ ਕੈਲੰਡਰ ਕਮੇਟੀ ਭੰਗ ਕਰ ਕੇ ਵਿਵਾਦ ਪੈਦਾ ਕਰਨ ਵਿਚ ਰੋਲ ਅਦਾ ਕੀਤਾ । ਆਪ ਜੀ ਦੇ ਇਸ ਬਿਆਨ ਨਾਲ ਜਿਥੇ ਨਾਨਕਸ਼ਾਹੀ ਕੈਲੰਡਰ ਦੀ ਪ੍ਰਵਾਨਗੀ ਅਤੇ ਸਿਖ ਪੰਥ ਨੂੰ ਸਮਰਪਿਤ ਕੀਤੇ ਜਾਣ ਦੇ ਸਫਰ ਬਾਰੇ ਸਿਖ ਪੰਥ ਵਿਚ ਸ਼ੰਕਾਵਾਂ ਪੈਦਾ ਹੋਈਆਂ ਹਨ , ਉਥੇ ਆਪ ਜੀ ਦੀ ਕੈਲੰਡਰ ਬਾਰੇ ਜਾਣਕਾਰੀ ਤੇ ਵੀ ਤਰਸ ਆਇਆ ਹੈ ।

ਆਪ ਜੀ, ਜਾਂ ਤਾਂ ਤੱਥਾਂ ਤੋਂ ਪੂਰੀ ਤਰ੍ਹਾ ਅਨਜਾਣ ਹੋ ਜਾਂ ਜਾਣ ਬੁੱਝ ਕੇ ਹਕੀਕਤ ਦੇ ਉਲਟ ਬਿਆਨ ਦੇ ਰਹੇ ਹੋ। ਇਹ ਬਿਆਨ ਦੇਣ ਤੋਂ ਪਹਿਲਾਂ ਜੇਕਰ ਤੁਸੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਾਲ 2003 ਤੋਂ 2010 ਤੱਕ ਛਾਪੀ ਜਾਂਦੀ ਨਾਨਕਸ਼ਾਹੀ (ਜੰਤਰੀ )ਕੈਲੰਡਰ ਦੇ ਸ਼ੁਰੂ ਵਿਚ ਹੀ ਦਿੱਤੀ ਜਾਣਕਾਰੀ 'ਨਾਨਕਸ਼ਾਹੀ ਕੈਲੰਡਰ ਕਿਉਂ ਤੇ ਕਿਵੇਂ'? ਪੜ੍ਹ ਲੈਂਦੇ ਤਾਂ ਆਪ ਜੀ ਸ਼ਾਇਦ ਉਪਰੋਕਤ ਬਿਆਨ ਨਾ ਦਿੰਦੇ ।

ਲੇਕਿਨ ਡੁਲੇ ਬੇਰਾਂ ਦਾ ਅਜੇ ਵੀ ਕੁਝ ਨਹੀ ਵਿਗੜਿਆ ।ਇਸ ਸੰਦਰਭ ਵਿਚ ਤੁਹਾਡੀ ਅਤੇ ਸਿੱਖ ਸੰਗਤਾਂ ਦੀ ਜਾਣਕਾਰੀ ਹਿੱਤ ਕੁਝ ਜਰੂਰੀ ਤੱਥ ਧਿਆਨ-ਗੋਚਰੇ ਕਰਨਾ ਚਾਹੁੰਦਾ ਹਾਂ।

ਦਾਸ ਅਤੇ ਆਪ ਜੀ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ,ਮੁਖ ਗ੍ਰੰਥੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਮੁਖ ਸੇਵਾਦਾਰ

ਵਜੋਂ ਨਾਨਕਸ਼ਾਹੀ ਕੈਲੰਡਰ ਬਾਰੇ ਸ਼ੁਰੂ ਹੋਈ ਮੁਢਲੀ ਵਿਚਾਰ ਦੇ ਸਮੇਂ ਤੋਂ ਹੁਣ ਤੀਕ ਕਿਸੇ ਨਾ ਕਿਸੇ ਰੂਪ ਵਿਚ ਜੁੜੇ ਰਹੇ ਹਾਂ ,ਇਸ ਤੱਥ ਤੋਂ ਇਨਕਾਰ ਨਹੀ ਕੀਤਾ ਜਾ ਸਕਦਾ ।

ਜੂਨ, 2001 **ਵਿਚ** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਨੇ ਇਕ ਮਤਾ ਪਾਸ ਕਰ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਨਾਨਕਸ਼ਾਹੀ ਕੈਲੰਡਰ ਬਾਰੇ ਦੀਰਘ ਵਿਚਾਰ ਕੀਤੇ ਜਾਣ ਲਈ ਬੇਨਤੀ ਕੀਤੀ ਸੀ।ਸਿੱਖ ਪੰਥ ਨੂੰ ਸਮੇ ਸਮੇ ਦਰਪੇਸ਼ ਕਈ ਮਾਮਲਿਆਂ ਵਿਚ ਮਸ਼ਰੂਫੀਅਤ ਕਾਰਣ ਕੈਲੰਡਰ ਮੁਦੇ ਤੇ ਵਿਚਾਰ ਦਾ ਸਮਾਂ ਨਾ ਮਿਲ ਸਕਿਆ ਕਿਉਂਕਿ ਇਹ ਇਕ ਅਹਿਮ ਤੇ ਕੌਮੀ ਮਸਲਾ ਸੀ ।

ਨਵੰਬਰ 2002 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਨਾਨਕਸ਼ਾਹੀ ਕੈਲੰਡਰ ਬਾਰੇ ਅੰਤਿਮ ਨਿਰਣਾ ਕੀਤੇ ਜਾਣ ਲਈ ਇਕ ਵਾਰ ਫਿਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਬੇਨਤੀ ਪੱਤਰ ਲਿਖਿਆ ।

ਦਸੰਬਰ ੨੦੦੨ ਵਿਚ ਪੰਜ ਸਿੰਘ ਸਾਹਿਬਾਨਾਂ ਦੀ ਇਕੱਤਰਤਾ ਵਿਚ ( ਮੇਰੀ ਯਾਦ ਮੁਤਾਬਕ ਤੁਸੀ ਖ਼ੁਦ ਵੀ ਇਸ ਇਕਤਰਤਾ ਵਿਚ ਹਾਜ਼ਰ ਸੀ) ਨਾਨਕਸ਼ਾਹੀ ਕੈਲੰਡਰ ਤੇ ਵਿਚਾਰ ਕਰਨ ਲਈ ਸਿੱਖ ਇਤਿਹਾਸਕਾਰਾਂ, ਵਿਦਵਾਨਾਂ ਅਤੇ ਕੈਲੰਡਰ-ਮਾਹਿਰਾਂ ਦੀ ਇਕ ਕਮੇਟੀ ਬਣਾਉਣ ਦਾ ਨਿਰਣਾ ਲਿਆ ਗਿਆ ਸੀ।

੮ ਜਨਵਰੀ ੨੦੦੩ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕਤਰਤਾ ਵਿਚ ਸਿੱਖ ਇਤਿਹਾਸਕਾਰਾਂ, ਭੂਗੋਲ-ਖਗੋਲ ਤੇ ਕੈਲੰਡਰ-ਮਾਹਿਰ ਵਿਦਵਾਨਾਂ ਦੀ ਗਿਆਰਾਂ-ਮੈਂਬਰੀ ਕਮੇਟੀ ਗਠਿਤ ਕਰ ਦਿੱਤੀ ਗਈ, ਜਿਸ ਵਿਚ ਨਾਨਕਸ਼ਾਹੀ ਕੈਲੰਡਰ ਬਾਰੇ ਪਹਿਲਾਂ ਗਠਿਤ ਕੀਤੀਆਂ ਗਈਆਂ ਕਮੇਟੀਆਂ ਦੇ ਮੈਂਬਰ( ਬੀਬੀ ਕਿਰਨਜੋਤ ਕੌਰ, ਡਾ. ਕਿਰਪਾਲ ਸਿੰਘ, ਡਾ. ਜੋਧ ਸਿੰਘ, ਸ੍ਰ. ਪਾਲ ਸਿੰਘ ਪੁਰੇਵਾਲ ਅਤੇ ਡਾ. ਦਰਸ਼ਨ ਸਿੰਘ ਚੰਡੀਗੜ੍ਹ ) ਸ਼ਾਮਿਲ ਕੀਤੇ ਗਏ । ਇਸ ਕਮੇਟੀ ਦਾ ਨਾਮ '**ਨਾਨਕਸ਼ਾਹੀ ਕੈਲੰਡਰ ਨਿਰਣੈ ਕਮੇਟੀ**' ਰੱਖਿਆ ਗਿਆ ।ਇਹ ਵੀ ਫੈਸਲਾ ਲਿਆ ਗਿਆ ਕਿ ਇਹ ਕਮੇਟੀ ਕੈਲੰਡਰ ਬਾਰੇ ਬੀਤੇ ਸਮੇ ਵਿਚ ਅੰਜਾਮ ਦਿੱਤੀ ਕਾਰਵਾਈ ਨੂੰ ਧਿਆਨ ਨਾਲ ਵਿਚਾਰ ਕੇ ਦੋ ਮਹੀਨੇ ਦੇ ਅੰਦਰ-ਅੰਦਰ ਕੈਲੰਡਰ ਦਾ ਖਰੜਾ ਤਿਆਰ ਕਰ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਕਰੇਗੀ।

ਇਸ ਨਿਰਣੈ ਕਮੇਟੀ ਨੇ 18-3-1998 ਤੋਂ ਨਾਨਕਸ਼ਾਹੀ ਕੈਲੰਡਰ ਸਬੰਧੀ ਹੋਈਆਂ ਪਿਛਲੀਆਂ ਕਾਰਵਾਈਆਂ ਦੇ ਚਾਨਣੇ ਵਿਚ ਨਾਨਕਸ਼ਾਹੀ ਕੈਲੰਡਰ 2003 ਦਾ ਖਰੜਾ ਤਿਆਰ ਕਰ ਕੇ 28-3-2003 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਥਕ ਵਿਦਵਾਨਾਂ ਅਤੇ ਪੰਥਕ ਜਥੇਬੰਦੀਆਂ ਦੀ ਹੋਈ ਇਕੱਤਰਤਾ ਵਿਚ ਖੁੱਲ੍ਹੀ ਵਿਚਾਰ ਚਰਚਾ ਲਈ ਪੇਸ਼ ਕੀਤਾ। ਕੈਲੰਡਰ ਦੇ ਸਾਰੇ ਪੱਖਾਂ 'ਤੇ ਖੁੱਲ੍ਹ ਕੇ ਵਿਚਾਰਾਂ ਕਰਨ ਉਪਰੰਤ ਇਕੱਤਰਤਾ ਵਿਚ ਹਾਜ਼ਰ ਧਾਰਮਿਕ, ਰਾਜਸੀ ਆਗੂਆਂ ਅਤੇ ਸਿੱਖ ਵਿਦਵਾਨਾਂ ਦੀਆਂ ਸਿਫਾਰਸ਼ਾਂ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਇਹ ਖਰੜਾ ਪ੍ਰਵਾਨ ਕਰਨ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਦੇਸ਼ ਦਿੱਤਾ ਗਿਆ ਕਿ ਇਸ ਖਰੜੇ ਮੁਤਾਬਕ ਨਾਨਕਸ਼ਾਹੀ ਕੈਲੰਡਰ ਪ੍ਰਕਾਸ਼ਿਤ ਕਰ ਕੇ ਵੱਡੇ ਪੱਧਰ 'ਤੇ ਸਿੱਖ ਸੰਗਤਾਂ ਵਿਚ ਵੰਡੇ ਜਾਣ ਅਤੇ ਭਵਿੱਖ ਵਿਚ ਇਸੇ ਕੈਲੰਡਰ ਮੁਤਾਬਕ ਹੀ ਸਮੂਹ ਗੁਰਪੁਰਬ, ਪੰਥਕ ਦਿਹਾੜੇ ਤੇ ਇਤਿਹਾਸਕ ਸ਼ਤਾਬਦੀਆਂ ਮਨਾਈਆਂ ਜਾਣ।

29 ਮਾਰਚ, 2003 ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਵਲੋਂ ਨਾਨਕਸ਼ਾਹੀ ਕੈਲੰਡਰ ਪ੍ਰਕਾਸ਼ਿਤ ਕਰ ਕੇ ਵੈਸਾਖੀ 2003 ਤੋਂ ਲਾਗੂ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਗਈ।

ਵੈਸਾਖੀ 2003 ਵਾਲੇ ਦਿਨ ਤਖ਼ਤ ਦਮਦਮਾ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਤਤਕਾਲੀ ਪ੍ਰਧਾਨ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਸ੍ਰ. ਕ੍ਰਿਪਾਲ ਸਿੰਘ ਬਡੂੰਗਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਰ ਦੂਸਰੇ ਅਹੁਦੇਦਾਰਾਂ, ਰਾਜਸੀ ਤੇ ਧਾਰਮਿਕ ਪੰਥਕ ਆਗੂਆਂ ਦੀ ਹਾਜ਼ਰੀ ਵਿਚ ਪਾਲ ਸਿੰਘ ਪੁਰੇਵਾਲ ਵਲੋਂ ਤਿਆਰ ਸੂਰਜੀ ਪ੍ਰਣਾਲੀ ਤੇ ਅਧਾਰਿਤ ਨਾਨਕਸ਼ਾਹੀ ਕੈਲੰਡਰ ਕੌਮ ਨੂੰ ਸਮਰਪਿਤ ਕੀਤਾ ।

2003 ਤੋਂ ਬਾਅਦ ਮਨਾਈਆਂ ਜਾਣ ਵਾਲੀਆਂ ਸਾਰੀਆਂ ਸ਼ਤਾਬਦੀਆਂ ਇਸ ਕੈਲੰਡਰ ਮੁਤਾਬਕ ਹੀ ਮਨਾਈਆਂ ਗਈਆਂ। ਇਨ੍ਹਾਂ ਸ਼ਤਾਬਦੀ ਸਮਾਗਮਾਂ ਵਿਚ ਦੇਸ਼ ਵਿਦੇਸ਼ ਦੀਆਂ ਸਮੂਹ ਪੰਥਕ ਜਥੇਬੰਦੀਆਂ ਅਤੇ ਸੰਤਾਂ ਮਹਾਂਪੁਰਸ਼ਾਂ ਨੇ ਬਗੈਰ ਕਿਸੇ ਕਿੰਤੂ-ਪ੍ਰੰਤੂ ਦੇ ਵਧ ਚੜ੍ਹ ਕੇ ਸ਼ਮੂਲੀਅਤ ਕੀਤੀ।

---

ਸਿੰਘ ਸਾਹਿਬ ਜੀ ! ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਮਿਤੀ 8-1-2003 ਨੂੰ ਗਠਿਤ ਨਾਨਕਸ਼ਾਹੀ ਕੈਲੰਡਰ ਨਿਰਣਾ ਕਮੇਟੀ ਅਜੇ ਤਕ ਵੀ ਭੰਗ ਨਹੀਂ ਕੀਤੀ ਗਈ ਜਿਸ ਦਾ ਸਬੂਤ, ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਮੌਜੂਦ ਰਿਕਾਰਡ ਹੈ। ਮੇਰੇ ਵਲੋਂ (ਬਤੌਰ ਮੁੱਖ ਸੇਵਾਦਾਰ, ਸ੍ਰੀ ਅਕਾਲ ਤਖ਼ਤ ਸਾਹਿਬ) ਸਿੱਖ ਸੰਪ੍ਰਦਾਵਾਂ, ਸਿੱਖ ਵਿਦਵਾਨਾਂ ਅਤੇ ਸਿੱਖ ਜਥੇਬੰਦੀਆਂ ਨੂੰ ਬਾਰ-ਬਾਰ ਅਪੀਲ ਕੀਤੀ ਜਾਂਦੀ ਰਹੀ ਹੈ ਕਿ ਜੇਕਰ ਇਸ ਕੈਲੰਡਰ ਵਿਚ ਉਹ ਅਜੇ ਵੀ ਕੋਈ ਧਾਰਮਿਕ ਸਿਧਾਂਤਕ ਜਾਂ ਇਤਿਹਾਸਕ ਊਣਤਾਈ ਮਹਿਸੂਸ ਕਰਦੇ ਹਨ ਤਾਂ ਸਬੂਤਾਂ ਸਮੇਤ ਨਾਨਕਸ਼ਾਹੀ ਕੈਲੰਡਰ ਨਿਰਣਾ ਕਮੇਟੀ ਸਾਹਮਣੇ ਪੇਸ਼ ਕੀਤੀ ਜਾਵੇ।

ਦਾਸ ਅਤੇ ਸਮੂਹ ਪੰਥਕ ਧਿਰਾਂ ਨੂੰ ਹੁਣ ਵੀ ਇਹੋ ਇਤਰਾਜ਼ ਹੈ ਕਿ ਬੰਦੀ ਛੋੜ ਦਿਵਸ ੨੦੦੯ ਤੋਂ ਲੈਕੇ 4 ਜਨਵਰੀ, 2010 ਤੀਕ ਮੂਲ ਨਾਨਕਸ਼ਾਹੀ ਕੈਲੰਡਰ ਵਿਚ ਸੋਧ ਦੇ ਨਾਮ ਤੇ ਕੀਤੀਆਂ ਗਈਆਂ ਇਕਤਰਤਾਵਾਂ ਵਿਚ ਨਾ ਤਾਂ ਨਾਨਕਸ਼ਾਹੀ ਕੈਲੰਡਰ ਨਿਰਣਾ ਕਮੇਟੀ ਨਾਲ ਕੋਈ ਵਿਚਾਰ ਕੀਤਾ ਗਿਆ ਅਤੇ ਨਾ ਹੀ ਪੰਥਕ ਜਥੇਬੰਦੀਆਂ, ਸਿੱਖ ਵਿਦਵਾਨਾਂ ਅਤੇ ਪੰਥਕ ਧਿਰਾਂ

ਨਾਲ। ਕੇਵਲ ਤੇ ਕੇਵਲ ਬਾਬਾ ਧੁੰਮਾਂ ਤੇ ਮੱਕੜ ਸਾਹਿਬ 'ਤੇ ਆਧਾਰਿਤ ਦੋ-ਮੈਂਬਰੀ ਕਮੇਟੀ ਗਠਿਤ ਕਰ ਕੇ ਮੂਲ ਕੈਲੰਡਰ ਦਾ ਸੋਧਾਂ ਕਰਨ ਦੇ ਨਾਂ 'ਤੇ ਭੋਗ ਪਾ ਦਿੱਤਾ ਗਿਆ।

ਸਿੰਘ ਸਾਹਿਬ ਜੀ! ਇਕ ਹੋਰ ਜਾਣਕਾਰੀ ਸਾਂਝੀ ਕਰ ਦੇਵਾਂ  ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦਾ ਫੈਸਲਾ ਜਨਰਲ ਹਾਊਸ  ਰੱਦ ਵੀ ਕਰ ਸਕਦਾ ਹੈ ਤੇ ਸੋਧ ਵੀ ਸਕਦਾ ਹੈ, ਪਰ 29-3-2003 ਦੇ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਦੇ ਸਰਬ-ਸੰਮਤੀ ਨਾਲ ਕੀਤੇ ਫੈਸਲੇ ਨੂੰ ਰੱਦ ਕਰਨ ਦੀ ਨਵੀਂ ਮਿਸਾਲ ਨਾਨਕਸ਼ਾਹੀ ਕੈਲੰਡਰ 2003 ਨੂੰ ਅੰਤ੍ਰਿੰਗ ਕਮੇਟੀ ਸ਼੍ਰੋਮਣੀ ਕਮੇਟੀ ਵਲੋਂ ਪੈਦਾ ਕੀਤੀ ਗਈ ਹੈ ਜੋ ਕਿ ਸਿੱਖ ਗੁਰਦੁਆਰਾ ਐਕਟ ੧੯੨੫ ਦੀ ਉਲੰਘਣਾ ਹੈ । ਕੀ ਤੁਸੀਂ ਇਸ ਨੂੰ ਸੰਵਿਧਾਨਿਕ ਤੌਰ 'ਤੇ ਜਾਇਜ਼ ਸਮਝਦੇ ਹੋ?

ਜਥੇਦਾਰ ਜੀ, ਤੁਸੀਂ ਇਹ ਕਹਿੰਦੇ ਹੋ ਕਿ ਨਾਨਕਸ਼ਾਹੀ ਕੈਲੰਡਰ 2003 ਦਾ ਬਿਕ੍ਰਮੀਕਰਨ ਕੀਤੇ ਜਾਣ ਨਾਲ ਕੌਮ ਵਿਚ ਏਕਤਾ ਹੋ ਗਈ ਹੈ। ਸਮੁੱਚੀ ਕੌਮ ਨੇ 2010 ਵਿਚ ਬਣਾਇਆ ਕੈਲੰਡਰ ਪ੍ਰਵਾਨ ਕਰ ਲਿਆ ਹੈ । ਤੁਸੀਂ ਆਪਣੀ ਅੰਤਰਾਤਮਾ ਤੋਂ ਪੁੱਛ ਕੇ ਵੇਖੋ ਕਿ ਕੌਮ ਵਿਚ ਏਕਤਾ ਹੋਈ ਹੈ ਜਾਂ ਦੁਬਿਧਾ ਅਤੇ ਵਖਰੇਵੇਂ ਵਧੇ ਹਨ।  ਗਲਤ ਤੱਥ ਪੇਸ਼ ਕੀਤੇ ਜਾਣ ਨਾਲ  ਸੱਚ ਨੂੰ ਕੋਈ ਆਂਚ ਨਹੀਂ ਆਉਂਦੀ ਹੈ ਤੇ ਝੂਠ ਵੱਡਾ ਨਹੀ ਹੋ ਜਾਂਦਾ , ਸੱਚ ਹਮੇਸ਼ਾ ਸੱਚ ਹੀ ਰਹਿੰਦਾ ਹੈ, ਕਿਉਂਕਿ "ਇਹ ਸਚਿ ਸਭਨਾ ਕਾ ਖਸਮੁ ਹੈ"।

ਹੁਣ ਵੀ ਵੇਲਾ ਹੈ ਅੱਜ ਦੇ ਦਿਹਾੜੇ ਸਾਲ ੨੦੦੩ ਵਿਚ ਤਖਤ ਸ੍ਰੀ ਦਮਦਮਾ ਸਾਹਿਬ ਤੋਂ ਕੌਮ ਨੂੰ ਸਮਰਪਿਤ ਕੀਤੇ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਪ੍ਰਵਾਨ ਕਰ ਕੌਮ ਨੂੰ ਬੇਲੋੜੇ ਵਿਵਾਦਾਂ ਦੇ ਅੰਨ੍ਹੇ ਖੂਹ ਵਿੱਚ ਡਿੱਗਣ ਤੋਂ ਬਚਾ ਲਿਆ ਜਾਵੇ ।ਗੁਰਬਾਣੀ ਤੇ ਗੁਰਮਤਿ ਦੀ ਰੋਸ਼ਨੀ ਵਿਚ ਸਿਖੀ ਦੇ ਬੋਲ ਬਾਲੇ ਦ੍ਰਿੜ੍ਹ ਕਰਾਉਣੇ ,ਖਾਲਸਾ ਪੰਥ ਦੀ ਨਿਆਰੀ ਅੱਡਰੀ ਤੇ ਵਿਲੱਖਣ ਹੋਂਦ ਬਰਕਰਾਰ ਰੱਖਣੀ ਸ੍ਰੀ ਅਕਾਲ ਤਖਤ ਸਾਹਿਬ ਦੇ ਮੁਖ ਸੇਵਾਦਾਰ ਦੀ ਹੀ ਜ਼ਿੰਮੇਵਾਰੀ  ਬਣਦੀ ਹੈ।

ਗੁਰੂ ਪੰਥ ਦੀ ਚੜ੍ਹਦੀ ਕਲਾ ਦੀ ਲੋਚਾ ਨਾਲ ,

**ਗੁਰੂ ਪੰਥ ਦਾ ਦਾਸ**

ਜੋਗਿੰਦਰ ਸਿੰਘ

**(ਜੋਗਿੰਦਰ ਸਿੰਘ)**
ਸਾਬਕਾ ਜਥੇਦਾਰ,
ਸ੍ਰੀ ਅਕਾਲ ਤਖ਼ਤ ਸਾਹਿਬ,
ਸ੍ਰੀ ਅੰਮ੍ਰਿਤਸਰ।